## ਕਾਮਨ ਅਸੈਸਮੈਂਟ ਫਰੇਮਵਰਕ (CAF) ਕੀ ਹੈ? (What is the Common Assessment Framework (CAF)?)

ਕਾਮਨ ਅਸੈਸਮੈਂਟ ਫਰੇਮਵਰਕ (CAF) ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਦਾ ਇੱਕ ਨਵਾਂ ਤਰੀਕਾ ਹੈ। ਇਸ ਵਿੱਚ ਤੁਹਾਡੇ ਬੱਚੇ ਦੀਆਂ ਲੋੜਾਂ ਪਤਾ ਕਰਨ ਲਈ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਗੱਲ ਸੁਣਨਾ ਸ਼ਾਮਲ ਹੁੰਦਾ ਹੈ।

ਹਰੇਕ ਬੱਚੇ ਨੂੰ CAF ਨਹੀਂ ਮਿਲੇਗੀ - ਸਿਰਫ਼ ਉਹਨਾਂ ਨੂੰ ਜਿਨ੍ਹਾਂ ਨੂੰ ਵਾਧੂ ਸਹਾਇਤਾ ਜਾਂ ਸਹਾਰੇ ਦੀ ਲੋੜ ਹੋ ਸਕਦੀ ਹੈ। ਇੱਕ ਵਾਰ ਮੁਲਾਂਕਣ ਕੀਤੇ ਜਾਣ ਤੋਂ ਬਾਅਦ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਮਿਲ ਕੇ ਇੱਕ ਕਾਰਜ ਯੋਜਨਾ 'ਤੇ ਸਹਿਮਤੀ ਬਣਾਈ ਜਾਏਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਨੂੰ ਉਹ ਸਹਾਇਤਾ ਅਤੇ ਸਹਾਰਾ ਮਿਲੇ ਜਿਸਦੀ ਉਹਨਾਂ ਨੂੰ ਲੋੜ ਹੈ।

CAF ਸਵੈ-ਇਛੁੱਕ ਹੈ - ਤੁਸੀਂ ਅਤੇ ਤੁਹਾਡਾ ਬੱਚਾ ਇਹ ਚੋਣ ਕਰ ਸਕਦੇ ਹੋ ਕਿ ਇਸ ਵਿੱਚ ਸ਼ਾਮਲ ਹੋਣਾ ਹੈ ਜਾਂ ਨਹੀਂ।

## ਕੀ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ? (Do you want to know more?)

ਤੁਸੀਂ ਆਪਣੇ ਬੱਚੇ ਦੇ ਸਕੂਲ ਜਾਂ ਸਥਾਨਕ ਚਿਲਡ੍ਰੰਜ਼ ਸੈਂਟਰ ਨਾਲ ਸੰਪਰਕ ਕਰਕੇ ਹੋਰ ਜਾਣਕਾਰੀ ਲੈ ਸਕਦੇ ਹੋ।

ਕਾਮਨ ਅਸੈਸਮੈਂਟ ਫਰੇਮਵਰਕ ਅਤੇ ਲੀਡ ਪ੍ਰੋਫੈਸ਼ਨਲ ਬਾਰੇ ਹੋਰ ਜਾਣਕਾਰੀ www.ecm.gov.uk ਜਾਂ www.hertsdirect.org/caf ਤੋਂ ਮਿਲ ਸਕਦੀ ਹੈ।

Design ref: 048196 HCTP 005

CHILDREN'S TRUST partnership HERTFORDSHIRE

Every Child Matters
Change for Children

## ਬੱਚਿਆਂ ਅਤੇ ਨੌਜਵਾਨਾਂ ਦੀ ਮਦਦ ਕਰਨ ਦੇ ਨਵੇਂ ਤਰੀਕੇ (ਕਾਮਨ ਅਸੈਸਮੈਂਟ ਫਰੇਮਵਰਕ) ਵਿੱਚ ਜੀ ਆਇਆਂ ਨੂੰ (Welcome to a new way of helping children and young people (the Common Assessment Framework))



## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਸੁਨੇਹਾ (A message for parents and carers)

ਜੇ ਤੁਹਾਡੇ ਬੱਚੇ ਨੂੰ ਵਾਧੂ ਸਹਾਰੇ ਦੀ ਲੋੜ ਹੈ, ਤਾਂ ਅਸੀਂ ਜਿੰਨੀ ਜਲਦੀ ਸੰਭਵ ਹੋ ਸਕੇ ਅੱਗੇ ਵਧਣ ਦਾ ਸਭ ਤੋਂ ਵਧੀਆ ਤਰੀਕਾ ਲੱਭਣਾ ਚਾਹੁੰਦੇ ਹਾਂ। ਇਹ ਕਿਤਾਬਚਾ ਸਾਰਿਆਂ ਦੁਆਰਾ ਮਿਲ ਕੇ ਕੰਮ ਕਰਨ ਦੇ ਇੱਕ ਅਜਿਹੇ ਨਵੇਂ ਤਰੀਕੇ ਦੀ ਵਿਆਖਿਆ ਕਰਦਾ ਹੈ, ਜੋ ਤੁਹਾਡੇ ਬੱਚਿਆਂ ਦੇ ਬਾਰੇ ਲਏ ਜਾਂਦੇ ਫ਼ੈਸਲਿਆਂ ਦੇ ਸੰਬੰਧ ਵਿੱਚ ਤੁਹਾਡੇ ਪਰਿਵਾਰ ਨੂੰ ਕੇਂਦਰ ਵਿੱਚ ਰੱਖਦਾ ਹੈ।

# ਪਰਿਵਾਰਾਂ ਦੀ ਸਹਾਇਤਾ ਦਾ ਇੱਕ ਨਵਾਂ ਤਰੀਕਾ
# (A new way of helping families)

## CAF ਮੇਰੇ ਪਰਿਵਾਰ ਦੀ ਸਹਾਇਤਾ ਕਿਵੇਂ ਕਰੇਗਾ?
## (How will the CAF help my family?)

CAF ਉਹ ਸਹਾਰਾ ਹਾਸਲ ਕਰਨ ਵਿੱਚ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਲਈ ਮੌਜੂਦ ਹੈ, ਜਿਸਦੀ ਉਸ ਨੂੰ ਲੋੜ ਹੈ। ਜੇ ਲੋੜ ਪਏ ਤਾਂ ਇਸਦੇ ਨਤੀਜੇ ਵਜੋਂ ਜਲਦ ਹੱਲ ਜਾਂ ਵਾਧੂ ਸਹਾਰੇ ਦੀ ਪਛਾਣ ਕੀਤੀ ਜਾ ਸਕਦੀ ਹੈ।

CAF ਇਹ ਯਕੀਨੀ ਬਣਾਏਗਾ ਕਿ ਤੁਹਾਡੇ ਬੱਚੇ ਨਾਲ ਸੰਬੰਧਤ ਹਰੇਕ ਵਿਅਕਤੀ - ਜਿਵੇਂ ਕਿ ਅਧਿਆਪਕ ਅਤੇ ਹੈਲਥ ਵਿਜ਼ਿਟਰ - ਤੁਹਾਡੇ ਪਰਿਵਾਰ ਦੀ ਮਦਦ ਅਤੇ ਸਹਾਰੇ ਲਈ ਇਕੱਠੇ ਮਿਲ ਕੇ ਕੰਮ ਕਰਨ।

CAF ਤੁਹਾਡੇ ਬੱਚੇ ਦੀਆਂ ਲੋੜਾਂ ਵਧਣ ਤੋਂ ਪਹਿਲਾਂ, ਸ਼ੁਰੂਆਤੀ ਪੜਾਅ ’ਤੇ, ਸਹੀ ਸਹਾਰਾ ਹਾਸਲ ਕਰਨ ਵਿੱਚ ਮਦਦ ਕਰੇਗਾ। ਕਿਉਂਕਿ CAF ਇੱਕ ਸਾਂਝਾ ਮੁਲਾਂਕਣ ਹੈ, ਇਸ ਲਈ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਉਹ ਜਾਣਕਾਰੀ ਦੁਹਰਾਉਣ ਦੀ ਲੋੜ ਨਹੀਂ ਪਏਗੀ ਜੋ ਤੁਸੀਂ ਵੱਖ-ਵੱਖ ਵਰਕਰਾਂ ਨੂੰ ਦਿੰਦੇ ਹੋ।

ਹਰਡਫੋਰਡਸ਼ਾਇਰ ਵਿੱਚ, ਫ਼ਾਰਮ ਭਰਨ ਅਤੇ ਵੱਖ-ਵੱਖ ਕਰਮਚਾਰੀਆਂ ਵੱਲੋਂ ਤੁਹਾਡੇ ਬੱਚੇ ਨੂੰ ਦਿੱਤੀ ਜਾਣ ਵਾਲੀ ਮਦਦ ਅਤੇ ਸਹਾਰੇ ਦਾ ਤਾਲਮੇਲ ਯਕੀਨੀ ਬਣਾਉਣ ਨੂੰ “ਏਕੀਕ੍ਰਿਤ ਤਰੀਕਾ” ਕਿਹਾ ਜਾਂਦਾ ਹੈ।

## CAF ਦਾ ਇਸਤੇਮਾਲ ਕਦੋਂ ਕੀਤਾ ਜਾਂਦਾ ਹੈ?
## (When is the CAF used?)

CAF ਦਾ ਇਸਤੇਮਾਲ ਉਸ ਵੇਲੇ ਕੀਤਾ ਜਾ ਸਕਦਾ ਹੈ ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਲਈ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਵਾਧੂ ਸਹਾਰੇ ਤੋਂ ਕੋਈ ਲਾਭ ਮਿਲਦਾ ਹੋਵੇ। ਇਹ ਤੁਹਾਡੇ ਬੱਚੇ ਦੀਆਂ ਵਾਧੂ ਲੋੜਾਂ ਦੀ ਪਛਾਣ ਕਰਨ ਵਿੱਚ ਅਤੇ ਇਹ ਪਤਾ ਕਰਨ ਵਿੱਚ ਮਦਦ ਕਰੇਗਾ ਕਿ ਕੀ ਤੁਹਾਡੇ ਪਰਿਵਾਰ ਨੂੰ ਸਹਾਰਾ ਦੇਣ ਲਈ ਹੋਰਨਾਂ ਵਰਕਰਾਂ ਦੀ ਲੋੜ ਹੈ।

## ਇਹ ਕਿਵੇਂ ਕੰਮ ਕਰਦਾ ਹੈ?
## (How does it work?)

ਜੇ ਤੁਸੀਂ ਅਤੇ ਤੁਹਾਡਾ ਬੱਚਾ ਸਹਿਮਤ ਹੁੰਦੇ ਹੋ ਤਾਂ, ਇੱਕ ਵਰਕਰ ਇਹ ਜਾਨਣ ਲਈ ਕਿ ਤੁਹਾਡੇ ਬੱਚੇ ਨੂੰ ਕਿਸ ਤਰ੍ਹਾਂ ਦੀ ਮਦਦ ਅਤੇ ਸਹਾਰੇ ਦੀ ਲੋੜ ਹੋ ਸਕਦੀ ਹੈ, ਤੁਹਾਡੇ ਅਤੇ ਤੁਹਾਡੇ ਬੱਚੇ ਤੋਂ ਕੁਝ ਸਵਾਲ ਪੁੱਛੇਗਾ। ਇਹ ਜਾਣਕਾਰੀ ਇੱਕ ਸਰਲ ਫ਼ਾਰਮ ’ਤੇ ਦਰਜ ਕੀਤੀ ਜਾਂਦੀ ਹੈ। ਫ਼ਾਰਮ ’ਤੇ ਜੋ ਕੁਝ ਲਿਖਿਆ ਜਾਂਦਾ ਹੈ ਤੁਸੀਂ ਅਤੇ ਤੁਹਾਡਾ ਬੱਚਾ ਉਸ ਨਾਲ ਸਹਿਮਤ ਹੋਵੋਗੇ ਅਤੇ ਤੁਹਾਨੂੰ ਇਸ ਦੀ ਇੱਕ ਕਾਪੀ ਦਿੱਤੀ ਜਾਵੇਗੀ।

ਹੋ ਸਕਦਾ ਹੈ ਕਿ ਵੱਡੀ ਉਮਰ ਦੇ ਬੱਚੇ ਇਹ ਮਹਿਸੂਸ ਕਰਨ ਕਿ ਉਹ ਵਰਕਰ ਨਾਲ ਆਪਣੀ ਸਥਿਤੀ ਬਾਰੇ ਗੱਲਬਾਤ ਕਰ ਸਕਦੇ ਹਨ। ਵਰਕਰ, ਕਿਸੇ ਨੌਜਵਾਨ ਦੀ ਆਪਣੇ ਮਾਪਿਆਂ ਤੋਂ ਜਾਣਕਾਰੀ ਗੁਪਤ ਰੱਖਣ ਦੀ ਇੱਛਾ ਦਾ ਸਨਮਾਨ ਕਰ ਸਕਦੇ ਹਨ, ਜਿੱਥੇ ਇਹ ਨੌਜਵਾਨ ਦੇ ਬਿਹਤਰ ਹਿਤਾਂ ਅਤੇ ਭਲਾਈ ਵਿੱਚ ਹੋਵੇ।

### ਗੁਪਤਤ

ਨਿਯਮ ਦੇ ਤੌਰ ’ਤੇ, ਤੁਹਾਡੇ ਅਤੇ ਤੁਹਾਡੇ ਬੱਚੇ ਵੱਲੋਂ ਮੁਹੱਈਆ ਕੀਤੀ ਗਈ ਜਾਣਕਾਰੀ ਤੁਹਾਡੇ ਪਰਿਵਾਰ ਦੀ ਸਹਿਮਤੀ ਨਾਲ ਹੀ ਵੰਡੀ ਜਾ ਸਕੇਗੀ। ਐਪਰ, ਕਈ ਵਾਰ ਅਜਿਹੇ ਮੌਕੇ ਹੋ ਸਕਦੇ ਹਨ ਜਦੋਂ ਤੁਹਾਡੇ ਨਾਲ ਕੰਮ ਕਰਦੇ ਵਿਅਕਤੀਆਂ ਨੂੰ ਜਾਣਕਾਰੀ ਵੰਡਣੀ ਪੈਂਦੀ ਹੈ।

ਉਦਾਹਰਨ ਲਈ:
- ਜਦੋਂ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਇਹ ਜਾਣਨ ਦੀ ਲੋੜ ਹੋਵੇ ਕਿ ਕੀ ਬੱਚੇ ਨੂੰ ਨੁਕਸਾਨ ਪੁੱਜਣ ਦਾ ਖ਼ਤਰਾ ਹੈ;
- ਉਸ ਬੱਚੇ ਦੀ ਸਹਾਇਤਾ ਲਈ ਜਿਸ ਨੂੰ ਨੁਕਸਾਨ ਪੁੱਜਣ ਦਾ ਖ਼ਤਰਾ ਹੈ;
- ਜਦੋਂ ਕਿਸੇ ਬਾਲਗ ਨੂੰ ਨੁਕਸਾਨ ਪੁੱਜਣ ਦਾ ਖ਼ਤਰਾ ਹੋਵੇ; ਜਾਂ
- ਕਿਸੇ ਗੰਭੀਰ ਅਪਰਾਧ ਨੂੰ ਰੋਕਣ ਜਾਂ ਇਸ ਬਾਰੇ ਪਤਾ ਲਗਾਉਣ ਵਿੱਚ ਮਦਦ ਲਈ।



## ਇਸਦੇ ਬਾਅਦ ਕੀ ਹੁੰਦਾ ਹੈ?
## (What happens next?)

ਤੁਹਾਡੇ ਅਤੇ ਤੁਹਾਡੇ ਬੱਚੇ ਵੱਲੋਂ ਮੁਹੱਈਆ ਕਰਵਾਈ ਜਾਣਕਾਰੀ ਦੇ ਅਧਾਰ ’ਤੇ, ਉਹ ਸਾਰੇ ਲੋਕ ਜੋ ਤੁਹਾਡੇ ਬੱਚੇ ਦੀ ਸਹਾਇਤਾ ਕਰ ਸਕਦੇ ਹਨ, ਤੁਹਾਡੇ ਬੱਚੇ ਲਈ ਲੋੜੀਂਦਾ ਸਹਾਰਾ ਦੇਣ ਵਾਸਤੇ ਮਿਲ ਕੇ ਕੰਮ ਕਰਨਗੇ। ਸਿਰਫ਼ ਉਹਨਾਂ ਵਰਕਰਾਂ, ਜਿਨ੍ਹਾਂ ਨੂੰ ਤੁਹਾਡੇ ਬੱਚੇ ਬਾਰੇ ਜਾਣਨ ਦੀ ਲੋੜ ਹੈ, ਨੂੰ ਹੀ ਤੁਹਾਡੇ ਬੱਚੇ ਦੀ ਜਾਣਕਾਰੀ ਦਿੱਤੀ ਜਾਏਗੀ।

## ਲੀਡ ਪ੍ਰੋਫੈਸ਼ਨਲ (ਮੁੱਖ ਪੇਸ਼ਾਵਰ) ਕੌਣ ਹੁੰਦਾ ਹੈ?
## (Who is a Lead Professional?)

ਜੇ ਕੁਝ ਲੋਕ ਤੁਹਾਡੇ ਬੱਚੇ ਨੂੰ ਸਹਾਰਾ ਮੁਹੱਈਆ ਕਰਵਾ ਰਹੇ ਹਨ, ਤਾਂ ਇਹਨਾਂ ਵਿੱਚੋਂ ਕਿਸੇ ਇੱਕ ਨੂੰ “ਲੀਡ ਪ੍ਰੋਫੈਸ਼ਨਲ” ਵਜੋਂ ਨਿਯੁਕਤ ਕੀਤਾ ਜਾ ਸਕਦਾ ਹੈ।

ਇਹ ਵਿਅਕਤੀ ਤੁਹਾਨੂੰ ਜਾਣਕਾਰੀ ਦਿੰਦਾ ਰਹੇਗਾ, ਤੁਹਾਡੇ ਵਿਚਾਰ ਸੁਣੇਗਾ ਅਤੇ ਤੁਹਾਨੂੰ ਸਹਾਰਾ ਦੇਵੇਗਾ। ਇਹ ਨਾਮਾਂਕਿਤ ਵਿਅਕਤੀ ਤੁਹਾਡੇ ਬੱਚੇ ਨੂੰ ਸਹਾਰਾ ਦੇਣ ਵਾਲੀਆਂ ਸੇਵਾਵਾਂ ਦਾ ਤਾਲਮੇਲ ਵੀ ਕਰੇਗਾ।

ਤੁਸੀਂ ਅਤੇ ਤੁਹਾਡਾ ਬੱਚਾ ਇਸ ਬਾਰੇ ਆਪਣੀ ਰਾਇ ਦੇ ਸਕੋਗੇ ਕਿ ਲੀਡ ਪ੍ਰੋਫੈਸ਼ਨਲ ਕੌਣ ਹੋਣਾ ਚਾਹੀਦਾ ਹੈ।